# BC HANDS & VOICES



# ਮੋਲਡ, ਮੋਲਡ ਅਤੇ ਹੋਰ ਮੋਲਡ

ਮੇਰੇ ਕੋਲ ਹੀਅਰਿੰਗ ਏਡ ਲਈ ਕੰਨਾ ਦੇ ਮੋਲਡਾਂ (ਈਅਰ ਮੋਲਡਜ਼) ਦਾ ਭੰਡਾਰ ਹੈ। ਪੂਰੀ ਗਿਣਤੀ ਦੱਸਣੀ ਹੋਵੇ ਤਾਂ ਪੂਰੇ ਨੌਂ ਈਅਰ ਮੋਲਡ ਹਨ। ਨਵਜੰਮੇ ਕੌਨਰ ਨੇ ਤਿੰਨ ਮਹੀਨਿਆਂ ਦੀ ਉਮਰ ਵਿੱਚ ਆਪਣੀਆਂ ਹੀਅਰਿੰਗ ਏਡਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ, ਉਦੋਂ ਤੋਂ ਇਸ ਤਰ੍ਹਾਂ ਜਾਪਦਾ ਹੈ ਕਿ ਉਸ ਦੇ ਕੰਨ ਮੋਲਡਾਂ ਨਾਲ ਬੱਝੇ ਹੋਏ ਹਨ। ਤਕਰੀਬਨ ਹਰ 6 ਹਫਤਿਆਂ ਬਾਅਦ ਅਸੀਂ ਇਕ ਨਵਾਂ ਜੋੜਾ ਲੈਂਦੇ ਸੀ। ਇਸ ਦਾ ਮਤਲਬ ਹੈ ਕਿ ਅਸੀਂ ਹਰ 4 ਹਫਤਿਆਂ ਬਾਅਦ ਮੇਚ ਦੇਣ ਲਈ ਆਡਿਓਲੌਜਿਸਟ ਕੋਲ ਜਾਂਦੇ ਸੀ ਅਤੇ ਫਿਰ ਦੋ ਹਫਤਿਆਂ ਬਾਅਦ ਮੋਲਡਾਂ ਨੂੰ ਲੈਣ ਜਾਂਦੇ ਸੀ। ਕੌਨਰ ਵਲੋਂ ਇਕ ਸਾਲ ਦਾ ਹੋਣ ਬਾਅਦ ਮੋਲਡਾਂ ਲਈ ਮੇਚ ਦੇਣ ਦਾ ਵਕਫਾ ਘੱਟ ਗਿਆ। ਅਗਲੇ ਸਾਲ, 1 ਤੋਂ 2 ਸਾਲ ਦੀ ਉਮਰ ਵਿਚਕਾਰ ਸਾਨੂੰ ਸਿਰਫ 3 ਵਾਰ ਮੋਲਡ ਲੈਣੇ ਪਏ ਸਨ। ਹੁਣ ਮਾਪਿਆਂ ਲਈ ਇਕ ਸਲਾਹ। ਪਹਿਲੇ ਸਾਲ ਦੌਰਾਨ ਈਅਰ ਮੋਲਡਾਂ ਲਈ ਮੇਚ ਦੇਣ ਦੇ ਅਮਲ ਦਾ ਆਨੰਦ ਮਾਣੋ, ਇਸ ਸਮੇਂ ਦੌਰਾਨ ਮੇਚ ਦਿੰਦੇ ਵਕਤ ਬੱਚੇ ਆਮ ਤੌਰ ’ਤੇ ਸ਼ਾਤ ਅਤੇ ਟਿਕੇ ਰਹਿੰਦੇ ਹਨ। ਮੇਰੇ ਤਜਰਬੇ ਅਨੁਸਾਰ ਪਿਛਲੇ ਸਾਲ ਦੌਰਾਨ ਕੌਨਰ ਮੇਚ ਦੇਣ ਦੌਰਾਨ ਲਗਾਤਾਰ ਤਿਲਮਿਲਾਉਂਦਾ ਹੈ ਅਤੇ ਮੇਚ ਦੇਣਾ ਪਸੰਦ ਨਹੀਂ ਕਰਦਾ। ਮੈਨੂੰ ਦੱਸਿਆ ਗਿਆ ਹੈ ਕਿ ਇਹ ਸਿਰਫ ਇਕ ਦੌਰ ਹੈ ਅਤੇ ਮੈਨੂੰ ਆਸ ਹੈ ਕਿ ਅਗਲੀ ਵਾਰ ਮੇਚ ਦੇਣ ਸਮੇਂ 2 ਸਾਲਾਂ ਦਾ ਕੌਨਰ ਬਿਲਕੁਲ ਉਸ ਤਰ੍ਹਾਂ ਕਰੇਗਾ ਜਿਸ ਤਰ੍ਹਾਂ ਉਹ 6 ਮਹੀਨਿਆਂ ਦਾ ਕਰਦਾ ਹੁੰਦਾ ਸੀ।



ਜੈੱਨ ਕਿਪਲਿੰਗ
Jenn Kipling

*"Moulds, Moulds And More Moulds" was first published in Issue #2 (June 2009) of the BC Hands & Voices Newsletter.*

This translation is made possible with the generous donation of the Gwyn Morgan & Patricia Trottier Foundation.
ਇਹ ਅਨੁਵਾਦ ਗਵਿਨ ਮੌਰਗਨ ਅਤੇ ਪੈਟਰੀਸ਼ੀਆ ਟਰੌਟੀਅਰ ਫਾਉਂਡੇਸ਼ਨ ਵਲੋਂ ਮਿਲੀ ਸਹਾਇਤਾ ਨਾਲ ਸੰਭਵ ਹੋਇਆ।